# ਪਿਆਰ ਦਾ ਰੰਗ



ਕੀ ਅੱਜ ਦੇ ਤਣਾਅ, ਝਗੜਿਆਂ, ਪੱਖਪਾਤ ਅਤੇ ਹਿੰਸਾ ਨਾਲ ਭਰੇ ਸੰਸਾਰ ਵੱਿਚ ਮੇਲ ਜੋਲ ਸੰਭਵ ਹੈ? ਤੁਸੀ ਕਹਿ ਸਕਦੇ ਹੋ:"ਇਹ ਤਾਂ ਅਸੰਭਵ ਹੈ!"ਜਦ ਪੱਖਪਾਤ, ਡਰ ਅਤੇ ਅਵਸ਼ਿਵਾਸ਼ ਸਦੀਆਂ ਤੋਂ ਮਨੁੱਖੀ ਮਨ ਵੱਿਚ ਵੱਸੇ ਹੋਣ, ਤਾਂ ਇਹ ਸਾਰੀਆਂ ਚੀਜ਼ਾਂ ਕਵਿੇਂ ਦੂਰ ਹੋ ਸਕਦੀਆਂ ਹਨ? ਇਸ ਦਾ ਉੱਤਰ ਸਰਿਫ਼ ਇੱਕ ਸ਼ਬਦ ਵੱਿਚ ਮਲਿਦਾ ਹੈ: ਉਹ ਹੈ ਪਿਆਰ !

ਇਹ ਸੁਣਨ ਵੱਿਚ ਇੱਕ ਉੱਚ ਆਦਰਸ਼ ਲੱਗਦਾ ਹੈ, ਪਰ ਅਸਲ ਵੱਿਚ ਕੰਿਨੇ ਲੋਕ ਆਪਣੇ ਮਨ ਵੱਿਚ ਪਿਆ ਹੋਇਆ ਰੋਸ, ਨਫ਼ਰਤ, ਡਰ ਜਾਂ ਹੋਰ ਨਕਾਰਾਤਮਕ ਭਾਵਨਾਵਾਂ ਨੂੰ ਚਾਹੇ ਉਹ ਕਸਿ ਵਅਿਕਤੀ ਵੱਲ ਹੋਣ ਜਾਂ ਪੂਰੇ ਸਮੂਹ ਵੱਲ ਤੁਰੰਤ ਛੱਡ ਸਕਦੇ ਹਨ?

ਪਰ ਖੁਸ਼ੀ ਦੀ ਗੱਲ ਇਹ ਹੈ ਕਿ ਮਨੁੱਖੀ ਹੱਦਾਂ ਹੋਣ ਦੇ ਬਾਵਜੂਦ ਵੀ ਅਸੀ ਇੱਕ ਦੂਜੇ ਦੇ ਅਤੀਤ ਜਾਂ ਪਛਿੋਕੜ ਦੀ ਪਰਵਾਹ ਕੀਤੇ ਬਨਿਾਂ ਪਿਆਰ ਅਤੇ ਆਦਰ ਕਰ ਸਕਦੇ ਹਾਂ। ਇਸ ਤਰ੍ਹਾਂ ਦੇ ਪਿਆਰ ਦੀ ਸੱਚੀ ਕੁੰਜੀ ਸਰਿਫ਼ ਇੱਕ ਸਰੋਤ ਤੋਂ ਆਉਂਦੀ ਹੈ—ਉਹ ਹੈ ਪਰਮੇਸ਼ੁਰ, ਜੋ ਪਿਆਰ ਹੈ। ਬਾਈਬਲ ਕਹਿੰਦੀ ਹੈ:"ਪਰਮੇਸ਼ੁਰ ਪਿਆਰ ਹੈ।"(1 ਯੂਹੰਨਾ 4:8) ਉਹ ਸਾਰੀ ਸ੍ਰਸ਼ਿਟੀ ਬਣਾਉਣ ਵਾਲਾ ਰਚਨਹਾਰ ਹੈ, ਜਸਿ ਨੇ ਸਾਨੂੰ ਜੀਵਨ ਦੱਿਤਾ।

ਉਸ ਨੇ ਆਪਣੇ ਆਪ ਨੂੰ ਸਾਡੇ ਉੱਤੇ ਪਰਗਟ ਕਰਨ ਲਈ ਆਪਣੇ ਇਕਲੌਤੇ ਪੁੱਤਰ ਯਸਿੂ ਮਸੀਹ ਨੂੰ ਮਨੁੱਖ ਦੇ ਰੂਪ ਵੱਿਚ ਧਰਤੀ ਉੱਤੇ ਭੇਜਿਆ। ਯਸਿੂ ਨੇ ਮਨੁੱਖੀ ਦੁੱਖ ਭੋਗਿਆ, ਅਤੇ ਲੋਕਾਂ ਲਈ ਡੂੰਘੀ ਦਇਆ ਮਹਸਿੂਸ ਕੀਤੀ, ਜਦੋਂ ਉਹ ਉਨ੍ਹਾਂ ਦੀਆਂ ਆਤਮਕਿ ਅਤੇ ਸਰੀਰਕ ਲੋੜਾਂ ਨੂੰ ਪੂਰਾ ਕਰ ਰਹਿਾ ਸੀ।

ਯਸਿੂ ਨੇ ਸੱਿਖਾਇਆ ਕਿ ਪਰਮੇਸ਼ੁਰ ਦੇ ਸਾਰੇ ਆਦੇਸ਼ ਇਕ ਮਹਾਨ ਹੁਕਮ ਵੱਿਚ ਹਨ : ਇਕ ਦੂਜੇ ਨੂੰ ਪਿਆਰ ਕਰੋ । ਉਸ ਨੇ ਕਹਿਾ: "ਤੂੰ ਆਪਣੇ ਪਰਮੇਸ਼ੁਰ, ਪ੍ਰਭੂ ਨੂੰ ਆਪਣੇ ਸਾਰੇ ਦਲਿ, ਆਪਣੀ ਸਾਰੀ ਆਤਮਾ, ਅਤੇ ਆਪਣੇ ਸਾਰੇ ਮਨ ਨਾਲ ਪਿਆਰ ਕਰ ਅਤੇ ਤੂੰ ਆਪਣੇ ਪੜੋਸੀ ਨੂੰ ਆਪਣੇ ਆਪ ਵਾਂਗ ਪਿਆਰ ਕਰ।" (ਮੱਤੀ 22:37–40)

ਜਦ ਯਸਿੂ ਇਹ ਉਪਦੇਸ਼ ਦੇ ਰਹਿਾ ਸੀ, ਇੱਕ ਧਾਰਮਕਿ ਵਦਿਵਾਨ ਨੇ ਇਹ ਸੁਣ ਕੇ ਉਨ੍ਹਾਂ ਨੂੰ ਸਭ ਦੇ ਸਾਹਮਣੇ ਸਵਾਲ ਕੀਤਾ: "ਤਾਂ ਫਰਿ ਮੇਰਾ ਪੜੋਸੀ ਕੌਣ ਹੈ?" ਯਸਿੂ ਨੇ ਇਸ ਦਾ ਜਵਾਬ "ਚੰਗੇ ਸਾਮਰੀ" ਦੀ ਕਹਾਣੀ ਰਾਹੀਂ ਦੱਿਤਾ (ਲੂਕਾ 10:25–37), ਜਸਿ ਰਾਹੀਂ ਉਨ੍ਹਾਂ ਨੇ ਸਾਫ਼ ਦਖਿਾ ਦੱਿਤਾ ਕਿ ਸਾਡਾ ਪੜੋਸੀ ਉਹ ਹਰ ਕੋਈ ਹੈ ਜਸਿਨੂੰ ਸਾਡੀ ਮਦਦ ਦੀ ਲੋੜ ਹੈ— ਭਾਵੇਂ ਉਹ ਕਸਿ ਵੀ ਜਾਤ, ਧਰਮ, ਰੰਗ ਜਾਂ ਕੌਮ ਤੋਂ ਹੋਵੇ। ਜਦੋਂ ਅਸੀ ਆਪਣੀ ਜ਼ੰਿਦਗੀ ਪਰਮੇਸ਼ੁਰ ਦੇ ਦਰਸ਼ਨ ਲਈ ਮਨੁੱਖਤਾ ਵਾਸਤੇ ਆਤਮਕਿ ਤੌਰ ਤੇ ਜੀਉਂਦੇ ਹਾਂ, ਤਾਂ ਅਸੀ ਹੋਰਾਂ ਵੱਿਚ ਕਮੀਆਂ ਦੀ ਥਾਂ ਉਨ੍ਹਾਂ ਦੀ ਕਦਰ, ਮਰਯਿਾਦਾ, ਅਤੇ ਮਹੱਤਤਾ ਵੇਖ ਸਕਦੇ ਹਾਂ—ਜੋ ਪਰਮੇਸ਼ੁਰ ਦੀ ਸੂਰਤ ਵੱਿਚ ਬਣਾਏ ਹੋਏ ਵਅਿਕਤੀ ਹਨ।

ਸੋਚੋ ਕਿ ਇਹ ਸੰਸਾਰ ਕੰਿਨਾ ਸੋਹਣਾ ਹੁੰਦਾ, ਜੇ ਅਸੀ ਕਸਿ ਵਅਿਕਤੀ ਨੂੰ ਵੇਖਕੇ ਸਰਿਫ਼ ਪਰਮੇਸ਼ੁਰ ਦਾ ਪਿਆਰ ਹੀ  ਦੇਖਦੇ ਨਾ ਕਿ ਉਸਦੀ ਜਾਤੀ ਜਾਂ ਪਛਿੋਕੜ ਨੂੰ! ਇਹ ਯਸਿੂ ਮਸੀਹ ਵੱਿਚ ਸੰਭਵ ਹੈ, ਜੱਿਥੇ "ਨਾ ਯਹੂਦੀ ਹੈ, ਨਾ ਯੂਨਾਨੀ; ਨਾ ਗੁਲਾਮ ਹੈ, ਨਾ ਆਜ਼ਾਦ; ਨਾ ਨਰ ਹੈ, ਨਾ ਨਾਰੀ; ਕਉਿਂਕਿ ਤੁਸੀ ਸਭ ਮਸੀਹ ਯਸਿੂ ਵੱਿਚ ਇੱਕ ਹੋ!" (ਗਲਾਤੀਆਂ 3:28)ਅਸੀ ਆਪਣੇ ਪੜੋਸੀ ਨਾਲ ਪਿਆਰ ਕਰਨਾ ਸੱਿਖ ਸਕਦੇ ਹਾਂ ਅਤੇ ਪਰਮੇਸ਼ੁਰ ਤੋਂ ਇਹ ਮੰਗ ਸਕਦੇ ਹਾਂ ਕਿ ਉਹ ਸਾਨੂੰ ਹੋਰਾਂ ਲਈ ਆਪਣਾ ਪਿਆਰ ਦੇਵੇ, ਤਾਂ ਜੋ ਅਸੀ ਦੁਨੀਆਂ ਵੱਿਚ ਸ਼ਾਂਤੀ ਲਆਿਉਣ ਲਈ ਆਪਣੀ ਭੂਮਕਿਾ ਨਭਿਾ ਸਕੀਏ।

ਬਾਈਬਲ ਸਾਨੂੰ ਦੱਸਦੀ ਹੈ: "ਕਉਿਂਕਿ ਪਰਮੇਸ਼ੁਰ ਨੇ ਜਗਤ ਨੂੰ ਅਜਹਿਾ ਪਿਆਰ ਕੀਤਾ ਜੋ ਉਹ ਨੇ ਆਪਣੇ ਇਕਲੌਤਾ ਪੁੱਤ੍ਰ ਨੂੰ ਬਖ਼ਸ਼ ਦੱਿਤਾ ਤਾਂ ਜੋ ਹਰੇਕ ਜੋ ਉਸ ਉੱਤੇ ਨਹਿਚਾ ਕਰੇ ਨਾਸ ਨਾ ਹੋਵੇ ਪਰ ਸਦੀਪਕ ਜੀਉਣ ਪਾਵੇ।"

ਯਸਿੂ ਮਸੀਹ ਤੁਹਾਡੇ ਸਾਰੇ ਪਾਪਾਂ ਨੂੰ ਮੁਆਫ਼ ਕਰਨ ਅਤੇ ਤੁਹਾਨੂੰ ਸੁਰਗ ਵੱਿਚ ਸਦੀਵੀ ਜੀਵਨ ਦੀ ਦਾਤ ਦੇਣ ਲਈ ਤਆਿਰ ਹੈ, ਜੇ ਤੁਸੀ ਸੱਚੇ ਦਲਿ ਨਾਲ ਉਸ ਨੂੰ ਆਪਣੀ ਜ਼ੰਿਦਗੀ ਵੱਿਚ ਸਵੀਕਾਰ ਕਰੋ। ਤੁਸੀ ਹੇਠਾਂ ਦੱਿਤੀ ਹੋਈ ਨਮਿਰ ਅਤੇ ਸੱਚੀ ਪ੍ਰਾਰਥਨਾ ਕਰਕੇ ਉਸ ਨੂੰ ਆਪਣੇ ਦਲਿ ਵੱਿਚ ਸਵੀਕਾਰ ਕਰ ਸਕਦੇ ਹੋ:

ਪਿਆਰੇ ਯਸਿੂ, ਮੈਂ ਤੈਨੂੰ ਜਾਣਨਾ ਚਾਹੁੰਦਾ ਹਾਂ। ਮੇਰੇ ਲਈ ਆਪਣੀ ਜਾਨ ਦੇਣ ਲਈ ਧੰਨਵਾਦ। ਕਰਿਪਾ ਕਰਕੇ ਮੇਰੇ ਸਾਰੇ ਪਾਪ ਮਾਫ਼ ਕਰ ਦਉਿ। ਮੈਂ ਤੁਹਾਨੂੰ ਆਪਣੇ ਦਲਿ ਅਤੇ ਜੀਵਨ ਵੱਿਚ ਸਵੀਕਾਰ ਕਰਦਾ ਹਾਂ। ਮੈਨੂੰ ਆਪਣੇ ਸਦੀਵੀ ਜੀਵਨ ਦੀ ਦਾਤ ਬਖ਼ਸ਼। ਮੈਨੂੰ ਆਪਣੇ ਪਿਆਰ ਨਾਲ ਭਰ ਦੇ ਅਤੇ ਮਦਦ ਕਰ ਕਿ ਮੈਂ ਹੋਰਾਂ ਲਈ ਸਹਣਿਸ਼ੀਲਤਾ ਅਤੇ ਕਰੁਣਾ ਰੱਖਾਂ। ਮੈਨੂੰ ਇਹ ਸਮਝ ਦੇ ਕਿ ਹਰ ਇਕ ਵਅਿਕਤੀ ਤੇਰੀ ਵਲਿੱਖਣ ਰਚਨਾ ਹੈ ਜੋ ਆਦਰ ਅਤੇ ਇੱਜ਼ਤ ਦੇ ਯੋਗ ਹੈ। ਆਮੀਨ

© 2020 Activated

To learn more, visit our website at: https://activated.org/en/.